بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 25.12.2020

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰੀ ਸਹਾਬੀ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਦੇ ਮਰਤਬੇ, ਸਥਾਨ ਤੇ ਸਦਗੁਣਾ ਦਾ ਇਮਾਨ ਵਿੱਚ ਵਾਧਾ ਕਰਨ ਵਾਲਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 25 ਦਸੰਬਰ 2020 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشۡهَدُ أَنۡ لَا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بعد فاعوذ بالله من الشيطٰن الرجيم۔
بِسۡمِ اللّٰهِ الرَّحۡمٰنِ الرَّحِيۡمِ۔ اَلۡحَمۡدُ لِلّٰهِ رَبِّ الۡعٰلَمِيۡنَ۔ الرَّحۡمٰنِ الرَّحِيۡمِ۔ مٰلِكِ يَوۡمِ الدِّيۡنِ۔ إِيَّاكَ نَعۡبُدُ وَإِيَّاكَ نَسۡتَعِيۡنُ۔
اِهۡدِنَا الصِّرَاطَ الۡمُسۡتَقِيۡمَ۔ صِرَاطَ الَّذِيۡنَ أَنۡعَمۡتَ عَلَيۡهِمۡ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ۔

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਦੀ ਸ਼ਹੀਦੀ ਦੀ ਘਟਨਾ ਬਾਰੇ ਇਕ ਬਹੁਤ ਹੀ ਮਹਤੱਵਪੂਰਨ ਗੱਲ ਵੱਲ ਧਿਆਨ ਦੁਆਉਂਦਿਆਂ ਹੋਇਆਂ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਕਿਉਂਕਿ ਤੁਸੀਂ ਲੋਕ ਵੀ ਸਹਾਬਾ ਵਾਂਗ ਹੋ ਇਸ ਲਈ ਮੈਂ ਚਾਹੁੰਦਾ ਹਾਂ ਕਿ ਇਤਿਹਾਸ ਦੇ ਪੱਖੋਂ ਵਰਨਣ ਕਰਾਂ ਕਿ ਕਿਵੇਂ ਮੁਸਲਮਾਨ ਤਬਾਹ ਹੋਏ ਅਤੇ ਕਿਹੜੇ ਸਬਬ ਸਨ । ਜੋ ਇਹਨਾ ਦੀ ਤਬਾਹੀ ਦੇ ਕਾਰਣ ਬਣੇ । ਸੋ, ਤੁਸੀਂ ਹੁਸ਼ਿਆਰ ਹੋ ਜਾਓ ਅਤੇ ਜੋ ਲੋਕ ਤੁਹਾਡੇ ਵਿੱਚ ਨਵੇਂ ਆਉਣਗੇ ਉਹਨਾ ਲਈ ਸੀਖ ਸਿੱਖਿਆ ਦਾ ਪ੍ਰਬੰਧ ਕਰੋ । ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਦੇ ਖ਼ਿਲਾਫ਼ਤ ਕਾਲ ਵਿੱਚ ਜੋ ਫ਼ਿਤਨਾ (ਫ਼ਸਾਦ) ਉਠਿਆ ਸੀ ਉਹ ਸਹਾਬਾ ਨੇ ਨਹੀਂ ਉਠਾਇਆ ਸੀ । ਜੋ ਲੋਕ ਇਹ ਕਹਿੰਦੇ ਹਨ ਕਿ ਸਹਾਬਾ ਨੇ ਉਠਾਇਆ ਸੀ ਉਹਨਾ ਨੂੰ ਧੋਖਾ ਲੱਗਿਆ ਹੈ । ਇਸ ਫ਼ਿਤਨੇ ਫ਼ਸਾਦ ਦੇ ਬਾਨੀ ਸਹਾਬਾ ਨਹੀਂ ਸਨ ਸਗੋਂ ਉਹੋ ਲੋਕ ਸਨ ਜੋ ਬਾਦ ਵਿੱਚ ਆਏ ਅਤੇ ਜਿੰਨ੍ਹਾ ਨੂੰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀ ਸੰਗਤ ਨਸੀਬ ਨਹੀਂ ਹੋਈ ਅਤੇ ਆਪ ਕੋਲ ਨਹੀਂ ਬੈਠੇ । ਸੋ, ਮੈਂ ਆਪ ਲੋਕਾਂ ਨੂੰ ਇਸ ਵੱਲ ਧਿਆਨ ਦੁਆਉਣਾ ਚਾਹੁੰਦਾ ਹਾਂ ਅਤੇ ਫ਼ਿਤਨੇ ਫਸਾਦ ਤੋਂ ਬਚਣ ਦਾ ਤਰੀਕਾ ਦਸੱਦਾ ਹਾਂ, (ਇਸ ਸਮੇਂ ਆਪ ਕਾਦੀਆਂ ਵਿੱਚ ਸਨ) ਕਿ ਅਧਿਕਤਰ ਕਾਦੀਆਂ ਆਓ ਅਤੇ ਵਾਰ ਵਾਰ ਆਓ ਤਾਂ ਜੋ ਤੁਹਾਡੇ ਇਮਾਨ ਤਾਜ਼ਾ ਰਹਿਣ ਅਤੇ ਤੁਹਾਡੇ ਵਿੱਚ ਰੱਬ ਦਾ ਖ਼ੌਫ਼ ਵਧੱਦਾ ਰਹੇ ।

ਹਜ਼ੂਰ ਅਨਵਰ ਨੇ ਫ਼ਰਮਾਇਆ ਅੱਜ ਕਲ ਰੱਬ ਨੇ ਸਾਨੂੰ ਐਮ.ਟੀ.ਏ. ਦੀ ਸਹੂਲਤ ਪ੍ਰਦਾਨ ਕਰ ਦਿੱਤੀ ਹੈ ਇਸ ਲਈ ਤਰਬੀਯਤ (ਸੀਖ ਸਿੱਖਿਆ) ਲਈ ਇਹ ਬਹੁਤ ਜ਼ਰੂਰੀ ਹੈ ਕਿ ਆਪ ਖ਼ੁਦ ਵੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਕਿਤਾਬਾਂ ਦਾ ਅਧਿਐਨ ਕਰਨ । ਐਮ.ਟੀ.ਏ. ਨਾਲ ਵੀ ਸੰਪਰਕ ਰਖੱਣ ਅਤੇ ਵਿਸ਼ੇਸ਼ ਰੂਪ ਵਿੱਚ ਜੁਮਏ ਦੇ

ਦਿਨ ਖ਼ੁਤਬਾ ਜ਼ਰੂਰ ਸੁਣਿਆ ਕਰਨ ਤਾਂ ਜੋ ਖ਼ਿਲਾਫ਼ਤ ਨਾਲ ਸੰਬੰਧ ਬਣਿਆ ਰਹੇ ਅਤੇ ਪ੍ਰਗਤੀ ਕਰਦਾ ਰਹੇ ਅਤੇ ਈਮਾਨ ਵਿੱਚ ਵਾਧਾ ਹੁੰਦਾ ਰਹੇ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਜਮਲ ਦੀ ਜੰਗ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਅਤੇ ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਵਿਚਕਾਰ 36 ਹਿਜਰੀ ਵਿੱਚ ਹੋਈ ਸੀ । ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਦੇ ਨਾਲ ਹਜ਼ਰਤ ਤਲਹਾ ਰਜ਼ੀ ਅਲੱਾਹ ਅਨਹੁ ਅਤੇ ਹਜ਼ਰਤ ਜ਼ੁਬੈਰ ਰਜ਼ੀ ਅਲੱਾਹ ਅਨਹੁ ਵੀ ਸਨ । ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਰਜ਼ੀ ਅਲੱਾਹ ਅਨਹੁ ਇਸ ਬਾਰੇ ਫ਼ਰਮਾਉਂਦੇ ਹਨ ਕਿ ਇਸ ਜੰਗ ਦੇ ਅਰੰਭ ਵਿੱਚ ਹੀ ਹਜ਼ਰਤ ਜ਼ੁਬੈਰ ਰਜ਼ੀ ਅਲੱਾਹ ਅਨਹੁ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਦੇ ਮੂੰਹੋਂ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੀ ਇਕ ਭਵਿੱਖਬਾਣੀ ਸੁਣਕੇ ਅੱਡ ਹੋ ਗਏ ਅਤੇ ਉਹਨਾਂ ਨੇ ਸਹੁੰ ਖਾਧੀ ਕਿ ਉਹ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨਾਲ ਜੰਗ ਨਹੀਂ ਕਰਨਗੇ ਅਤੇ ਇਸ ਗੱਲ ਦਾ ਇਕਰਾਰ ਕੀਤਾ ਕਿ ਆਪਣੇ ਨਿਰਣੈ ਵਿੱਚ ਉਹਨਾ ਨੇ ਗ਼ਲਤੀ ਕੀਤੀ ਹੈ । ਦੂਜੇ ਪਾਸੇ ਹਜ਼ਰਤ ਤਲਹਾ ਰਜ਼ੀ ਅਲੱਾਹ ਅਨਹੁ ਨੇ ਵੀ ਆਪਣੇ ਦੇਹਾਂਤ ਤੋਂ ਪਹਿਲਾਂ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਦੀ ਬੈਅਤ ਦਾ ਇਕਰਾਰ ਕਰ ਲਿਆ । ਭਾਵ ਬਾਕੀ ਸਹਾਬਾ ਦੇ ਮਤਿਭੇਦ ਦਾ ਨਿਰਣਾ ਤਾਂ ਜਮਲ ਦੀ ਜੰਗ ਸਮੇਂ ਹੀ ਹੋ ਗਿਆ ਪਰੰਤੂ ਹਜ਼ਰਤ ਮੁਆਵੀਆਹ ਰਜ਼ੀ ਅਲੱਾਹ ਅਨਹੁ ਦਾ ਮਤਿਭੇਦ ਉਸੇ ਪ੍ਰਕਾਰ ਬਣਿਆ ਰਿਹਾ, ਇੱਥੋਂ ਤੱਕ ਕਿ ਸਫ਼ੈਨ ਦੀ ਜੰਗ ਹੋਈ । ਜੰਗੇ ਜਮਲ ਦੀ ਇਸ ਲੜਾਈ ਵਿੱਚ ਸਹਾਬਾ ਦਾ ਕੋਈ ਦਖ਼ਲਾ ਨਹੀਂ ਸੀ ਸਗੋਂ ਇਹ ਸ਼ਰਾਰਤ ਵੀ ਉਸਮਾਨ ਰਜ਼ੀ ਅਲੱਾਹ ਅਨਹੁ ਦੇ ਕਾਤਲਾਂ ਦੀ ਹੀ ਸੀ । ਜੰਗੇ ਜਮਲ ਦੇ ਅੰਤ ਵਿੱਚ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੇ ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਲਈ ਸਾਰੀਆਂ ਸਵਾਰੀਆਂ ਅਤੇ ਮਾਰਗ ਦੇ ਖ਼ਰਚੇ ਦਾ ਪ੍ਰਬੰਧ ਕੀਤਾ ਅਤੇ ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਨੂੰ ਛਡੱਣ ਲਈ ਆਪ ਨਾਲ ਗਏ ਅਤੇ ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਦੇ ਨਾਲ ਜੋ ਲੋਕ ਜਾਣਾ ਚਾਹੁੰਦੇ ਸਨ ਉਹਨਾ ਨੂੰ ਰਵਾਨਾ ਕੀਤਾ । ਜਿਸ ਦਿਨ ਹਜ਼ਰਤ ਆਇਸ਼ਾ ਨੇ ਜਾਣਾ ਸੀ, ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਕੋਲ ਆਏ ਅਤੇ ਆਪ ਲਈ ਖੜੇ ਹੋਏ ਅਤੇ ਸਾਰਿਆਂ ਲੋਕਾਂ ਦੀ ਮੌਜੂਦਗੀ ਵਿੱਚ ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਲੋਕਾਂ ਦੇ ਸਾਹਮਣਿਓਂ ਨਿਕਲੀ ਅਤੇ ਕਿਹਾ ਕਿ ਹੇ, ਮੇਰੇ ਪੁਤੱਰੋ ! ਅਸੀਂ ਕਸ਼ਟ ਪਹੁੰਚਾਕੇ ਅਤੇ ਵਧੀਕੀ ਕਰਕੇ ਇਕ ਦੂਜੇ ਨੂੰ ਨਰਾਜ਼ ਕੀਤਾ ਹੈ । ਭਵਿੱਖ ਵਿੱਚ ਸਾਡੇ ਇਹਨਾਂ ਮਤਿਭੇਦਾਂ ਕਰਕੇ ਕੋਈ ਵਿਅਕਤੀ ਵੀ ਇਕ ਦੂਜੇ'ਤੇ ਵਧੀਕੀ ਨ ਕਰੇ ਅਤੇ ਰੱਬ ਧੀ ਸਹੁੰ ਮੇਰੇ ਅਤੇ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਵਿਚਕਾਰ ਅਰੰਭ ਤੋਂ ਕਦੇ ਵੀ ਕੋਈ ਵੀ ਮਤਿਭੇਦ ਨਹੀਂ ਸੀ ਸਿਵਾਏ ਇਸ ਦੇ ਜੋ ਕਿ ਜੋ ਪੁਰੁਸ਼ ਅਤੇ ਉਸ ਦੇ ਸਹੁਰਿਆਂ ਦੇ ਸਾਕਾਂ ਵਿੱਚਕਾਰ ਸਾਧਾਰਣਤਾ ਹੋਇਆ ਕਰਦਾ ਹੈ । ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੇ ਫ਼ਰਮਾਇਆ, ਹੇ ਲੋਕੋ ! ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਨੇ ਚੰਗੀ ਤੇ ਸੱਚੀ ਗੱਲ ਕਹੀ ਹੈ । ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਦੁਨੀਆ ਤੇ ਆਖ਼ਰਤ ਵਿੱਚ ਤੁਹਾਡੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੀ ਪਵਿੱਤਰ ਪਤਨੀ ਹਨ । ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਨੂੰ ਛਡੱਣ ਲਈ ਕਈ ਮੀਲ ਨਾਲ ਤੁਰੇ ਅਤੇ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੇ ਆਪਣੇ ਪੁਤੱਰਾਂ ਨੂੰ ਆਦੇਸ਼ ਦਿਤੱਾ ਕਿ ਉਹ ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਦੇ ਨਾਲ ਜਾਣ ਅਤੇ ਇਕ ਦਿਨ ਬਾਦ ਵਾਪਸ ਪਰਤਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਜੰਗੇ ਸਫ਼ੈਨ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਅਤੇ ਅਮੀਰ ਮੁਆਵੀਆਹ ਰਜ਼ੀ ਅਲੱਾਹ ਅਨਹੁ ਵਿਚਕਾਰ 37 ਹਿਜਰੀ ਵਿੱਚ ਹੋਈ ਸੀ । ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਕੂਫ਼ਾ ਤੋਂ ਫ਼ੌਜ ਲੈਕੇ ਚੱਲੇ ਅਤੇ ਜੱਦ ਸਫ਼ੈਨ ਪਹੁੰਚੇ ਤਾਂ ਦੇਖਿਆ ਕਿ ਸ਼ਾਮੀ ਲਸ਼ਕਰ ਅਮੀਰ ਮੁਆਵੀਆਹ ਦੀ ਅਗਵਾਈ ਵਿੱਚ ਪਹਿਲਾਂ ਤੋਂ ਪੜਾਅ ਪਾਕੇ ਬੈਠਾ ਸੀ ਅਤੇ ਉਹਨਾ ਦੀ ਇਕ ਟੋਲੀ ਨੇ ਦਰਿਆਏ ਫ਼ਰਾਤ ਦੇ ਘਾਟ'ਤੇ ਕਬਜ਼ਾ ਜਮਾਇਆ ਹੋਇਆ ਸੀ । ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੇ ਵਿਸ਼ਵਾਸ ਦੁਆਇਆ ਕਿ ਅਸੀਂ ਲੜਨ ਨਹੀਂ ਆਏ ਹਾਂ ਸਗੋਂ ਅਮੀਰ ਮੁਆਵੀਆਹ ਨਾਲ ਸੁਲਾਹ ਕਰਨ ਆਏ ਹਾਂ ਪਰੰਤੂ ਅਮੀਰ ਮੁਹਾਵੀਆਹ ਸੁਲਾਹ ਲਈ ਰਾਜ਼ੀ ਨ ਹੋਏ । ਜੰਗ ਦਾ ਅਰੰਭ 37 ਹਿਜਰੀ ਵਿੱਚ ਹੋਇਆ । ਜੱਦ ਜੰਗ ਕੁਝ ਸਮੇਂ ਲਈ ਬਿਨਾ ਕਿਸੇ ਫ਼ੈਸਲੇ ਦੇ ਚਲਦੀ ਰਹੀ ਤਾਂ ਅਮੀਰ ਮੁਆਵੀਆਹ ਦਾ ਹੌਂਸਲਾ ਪਸਤ ਹੋ

ਗਿਆ । ਇਸ ਖ਼ਤਰਨਾਕ ਹਾਲਤ ਵਿੱਚ ਹਜ਼ਰਤ ਉਮੱਰੋ ਬਿਨ ਆਸ ਨੇ ਉਹਨਾ ਨੂੰ ਮਸ਼ਵਰਾ ਦਿਤੱਾ ਕਿ ਕੁਰਆਨ ਮਜੀਦ ਦੇ ਨੁਸਖ਼ੇ ਨੇਜ਼ਿਆਂ ਦੇ ਸਿਰੇ ਉਪੱਰ ਬੰਨ੍ਹਣ ਅਤੇ ਆਖਣ ਕਿ ਇਸ ਕਿਤਾਬ ਅਨੁਸਰ ਨਿਰਣਾ ਹੋਣਾ ਚਾਹੀਦਾ ਹੈ, ਸੋ ਅਜਿਹਾ ਹੀ ਕੀਤਾ ਗਿਆ । ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਦੀ ਫ਼ੌਜ ਵਿੱਚੋਂ ਬਹੁਤਿਆਂ ਨੇ ਅਮੀਰ ਮੁਆਵੀਆਹ ਦੀ ਤਜਵੀਜ਼ ਮੰਨ ਲਈ ਕਿ ਦੋਹਾਂ ਧੜਿਆਂ ਵਿੱਚੋਂ ਇਕ ਇਕ ਹਕਮ (ਨਿਆਕਾਰ) ਨਿਯੁਕਤ ਕਰਨ ਅਤੇ ਇਹ ਦੋਵੇਂ ਹਕਮ ਮਿਲਕੇ ਕੁਰਆਨ ਕਰੀਮ ਦੇ ਨਿਰਦੇਸ਼ਾਂ ਅਨੁਸਾਰ ਕਿਸੇ ਨਿਰਣੈ'ਤੇ ਪਹੁੰਚ ਜਾਣ । ਇਤਿਹਾਸ ਦੀਆਂ ਪੁਸਤਕਾਂ ਵਿੱਚ ਇਸ ਘਟਨਾ ਨੂੰ 'ਤਹਕੀਮ' ਕਿਹਾ ਜਾਂਦਾ ਹੈ । ਬਹਿਰਹਾਲ ਸ਼ਾਮੀਆਂ ਨੇ ਹਜ਼ਰਤ ਉਮੱਰੋ ਬਿਨ ਆਸ ਰਜ਼ੀ ਅਲੱਾਹ ਅਨਹੁ ਦੀ ਚੋਣ ਕੀਤੀ ਅਤੇ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੇ ਹਜ਼ਰਤ ਅਬੂ ਮੁਸਾ ਅਸ਼ਅਰੀ ਰਜ਼ੀ ਅਲੱਾਹ ਅਨਹੁ ਨੂੰ ਨਿਯੁਕਤ ਕੀਤਾ ਅਤੇ ਇਕਰਾਰਨਾਮੇ ਉਪੱਰ ਹਸਤਾਖ਼ਰਾਂ ਦੇ ਬਾਦ ਫ਼ੌਜਾਂ ਖਿੰਡਪੁੰਡ ਗਈਆਂ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਇਸ ਘਟਨਾ ਬਾਰੇ ਫ਼ਰਮਾਉਂਦੇ ਹਨ ਕਿ :

ਇਹ ਤਹਕੀਮ ਵਾਸਤਵ ਵਿੱਚ ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਦੇ ਕਤਲ ਦੀ ਘਟਨਾ ਵਿੱਚ ਸੀ ਅਤੇ ਸ਼ਰਤ ਇਹ ਸੀ ਕਿ ਕੁਰਆਨ ਕਰੀਮ ਅਨੁਸਾਰ ਫ਼ੈਸਲਾ ਹੋਵੇਗਾ । ਪਰੰਤੂ ਉਮੱਰੋ ਬਿਨ ਆਸ ਅਤੇ ਅਬੂ ਮੁਸਾ ਅਸ਼ਅਰੀ ਦੋਹਾਂ ਨੇ ਸਲਾਹ ਕਰਕੇ ਇਹ ਫ਼ੈਸਲਾ ਕੀਤਾ ਕਿ ਚੰਗਾ ਹੋਵੇਗਾ ਕਿ ਅਸੀਂ ਦੋਵੇਂ ਅਰਥਾਤ ਹਜ਼ਰਤ ਅਲੀ ਅਤੇ ਹਜ਼ਰਤ ਮੁਆਵੀਆਹ ਨੂੰ ਇਹਨਾਂ ਦੀ ਅਮਾਰਤ ਤੋਂ ਮਾਜ਼ੂਲ (ਵਿਲੰਬਤ) ਕਰ ਦੇਈਏ । ਬਹਿਰਹਾਲ ਇਹਨਾ ਦੋਹਾਂ ਨੇ ਇਸ ਫ਼ੈਸਲੇ ਦਾ ਐਲਾਨ ਕਰਨ ਲਈ ਇਕ ਸਾਧਾਰਣ ਜਲਸੇ ਦਾ ਆਯੋਜਨ ਕੀਤਾ ਅਤੇ ਹਜ਼ਰਤ ਉਮੱਰੋ ਬਿਨ ਆਸ ਨੇ ਹਜ਼ਰਤ ਅਬੂ ਮੂਸਾ ਅਸ਼ਅਰੀ ਨੂੰ ਕਿਹਾ ਕਿ ਪਹਿਲਾਂ ਆਪ ਫ਼ੈਸਲੇ ਦਾ ਐਲਾਨ ਕਰਨ ਬਾਦ ਵਿੱਚ ਮੈਂ ਐਲਾਨ ਕਰਾਂਗਾ । ਹਜ਼ਰਤ ਅਬੂ ਮੂਸਾ ਅਸ਼ਅਰੀ ਨੇ ਐਲਾਨ ਕਰ ਦਿੱਤਾ ਕਿ ਉਹ ਹਜ਼ਰਤ ਅਲੀ ਨੂੰ ਖ਼ਿਲਾਫ਼ਤ ਤੇ ਮਰਤਬੇ ਤੋਂ ਮਾਜ਼ੂਲ (ਵਿਲੰਬਤ) ਕਰਦੇ ਹਨ । ਇਸਦੇ ਬਾਦ ਉਮੱਰੋ ਬਿਨ ਆਸ ਖੜੇ ਹੋਏ ਅਤੇ ਉਹਨਾਂ ਨੇ ਕਿਹਾ ਕਿ ਅਬੂ ਮੂਸਾ ਨੇ ਹਜ਼ਰਤ ਅਲੀ ਨੂੰ ਮਾਜ਼ੂਲ ਕਰ ਦਿਤੱਾ ਹੈ ਅਤੇ ਮੈਂ ਵੀ ਇਹਨਾ ਦੀ ਇਸ ਗੱਲ ਨਾਲ ਸਹਿਮਤ ਹਾਂ ਅਤੇ ਹਜ਼ਰਤ ਅਲੀ ਨੂੰ ਖ਼ਿਲਾਫ਼ਤ ਤੋਂ ਮਾਜ਼ੂਲ ਕਰਦਾ ਹਾਂ ਪਰ ਮੁਆਵੀਆਹ ਨੂੰ ਮੈਂ ਮਾਜ਼ੂਲ ਨਹੀਂ ਕਰਦਾ ਸਗੋਂ ਅਮਾਰਤ ਦੇ ਉਹਦੇ'ਤੇ ਉਹਨਾਂ ਨੂੰ ਬਹਾਲ ਰਖੱਦਾ ਹਾਂ । ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੇ ਇਸ ਫ਼ੈਸਲੇ ਨੂੰ ਮੰਨ੍ਹਣ ਤੋਂ ਇਨਕਾਰ ਕਰ ਦਿਤੱਾ ਅਤੇ ਕਿਹਾ ਕਿ ਇਹ ਹਕਮ (ਨਿਆਕਾਰ) ਇਸ ਉਦੇਸ਼ ਲਈ ਨਿਯੁਕਤ ਨਹੀਂ ਸਨ ਅਤੇ ਨ ਇਹਨਾ ਦਾ ਇਹ ਫ਼ੈਸਲਾ ਕੁਰਆਨ ਕਰੀਮ ਦੇ ਕਿਸੇ ਆਦੇਸ਼ ਅਨੁਸਾਰ ਹੈ । ਮੈਂ ਇਸ ਨੂੰ ਕਿਸੇ ਵੀ ਅਵਸਥਾ ਵਿੱਚ ਮੰਜ਼ੂਰ ਨਹੀਂ ਕਰਾਂਗਾ । ਹਜ਼ਰਤ ਅਲੀ ਦੇ ਉਹ ਮੁਨਾਫ਼ਕ ਸੁਭਾਉ ਸਾਥੀ ਜਿੰਨ੍ਹਾ ਨੇ ਹਕਮ (ਨਿਆਕਾਰ) ਨਿਯੁਕਤ ਕਰਨ ਲਈ ਜ਼ੋਰ ਦਿਤੱਾ ਸੀ, ਉਹਨਾ ਨੇ ਹਜ਼ਰਤ ਅਲੀ ਦੇ ਇਸ ਉਜ਼ਰ ਨੂੰ ਸਵੀਕਾਰ ਨ ਕੀਤਾ ਅਤੇ ਬੈਅਤ ਤੋਂ ਅੱਡ ਹੋ ਗਏ ਅਤੇ ਖ਼ਵਾਰਿਜ ਅਖਵਾਏ ਅਤੇ ਉਹਨਾ ਨੇ ਇਸ ਧਰਮ ਦੀ ਕਾਢ ਕੱਢੀ ਕਿ ਆਗਿਆਕਾਰ (ਵਜਿਬੁਲ ਅਤਾਅਤ) ਖ਼ਲੀਫ਼ਾ ਕੋਈ ਨਹੀਂ । ਕਸਰਤੇ ਮੁਸਲੇਮੀਨ (ਮੁਸਲਮਾਨਾ ਦੇ ਸਾਮੂਹਿਕ ਫ਼ੈਸਲੇ) ਦੇ ਫ਼ੈਸਲਿਆਂ ਅਨੁਸਾਰ ਅਮਲ ਹੋਇਆ ਕਰੇਗਾ । ਕਿਉਂਕਿ ਕਿਸੇ ਇਕ ਵਿਅਕਤੀ ਨੂੰ ਅਮੀਰ, ਵਾਜਿਬੁਲ ਅਤਾਅਤ (ਆਗਿਆਕਾਰੀ) ਦੇ ਰੂਪ ਵਿੱਚ ਮੰਨ੍ਹਣਾ ਇਲਾਹੀ ਹੁਕਮ ਦੇ ਖ਼ਿਲਾਫ਼ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਜੰਗੇ ਨਹਰਵਾਂ 38 ਹਿਜਰੀ ਵਿੱਚ ਹੋਈ ਸੀ ਜਿਸ ਵਿੱਚ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਅਤੇ ਖ਼ਵਾਰਿਜ ਵਿਚਕਾਰ ਲੜਾਈ ਲੜੀ ਗਈ । ਜੰਗੇ ਸਫ਼ੈਨ ਵਿੱਚ ਤਹਕੀਮ (ਨਿਆਏਕਾਰਾਂ) ਦੇ ਮਾਮਲੇ ਵਿੱਚ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਤੋਂ ਉਹਨਾ ਦੇ ਲਸ਼ਕਰ ਦੇ ਇਕ ਦਲ ਨੇ ਮਤਿਭੇਦ ਕੀਤਾ ਅਤੇ ਬਗ਼ਾਵਤ ਕਰਦਿਆਂ ਹੋਇਆਂ ਅੱਡ ਹੋਕੇ ਖ਼ਵਾਰਜੀ ਅਖਵਾਏ । ਇਹਨਾ ਖ਼ਵਾਰਜੀਆਂ ਨੇ ਹਜ਼ਰਤ ਅਲੀ ਤੋਂ ਤੋਬਾ ਕਰਨ ਅਤੇ ਖ਼ਿਲਾਫ਼ਤ ਛਡੱਣ ਦੀ ਮੰਗ ਕੀਤੀ, ਪਰੰਤੂ ਆਪ ਜੀ ਨੇ ਸਾਫ਼ ਇਨਕਾਰ ਕਰ ਦਿਤੱਾ । ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਅਮੀਰ ਮੁਆਵੀਆਹ ਦੇ ਵਿਰੁਧ ਦੁਬਾਰਾ ਸ਼ਾਮ ਵੱਲ ਚੜ੍ਹਾਈ ਦੀ ਤਿਆਰੀ ਵਿੱਚ ਸਨ ਕਿ ਖ਼ਵਾਰਿਜਾਂ ਨੇ ਫ਼ਸਾਦ ਮਚਾਉਣ ਦੀਆਂ ਸਰਮਗਰਮੀਆਂ ਅਰੰਭ ਦਿੱਤੀਆਂ । ਇਹਨਾ ਹਾਲਾਤਾਂ ਵਿੱਚ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਲਗਭਗ 65 ਹਜ਼ਾਰ ਦਾ

ਲਸ਼ਕਰ ਲੈਕੇ ਖ਼ਵਾਰਜਾਂ ਦੇ ਮੁਕਾਬਲੇ ਲਈ ਨਿਕਲੇ । ਜੱਦ ਆਪ ਨਹਰਵਾਂ ਸਥਾਨ'ਤੇ ਪਹੁੰਚੇ ਤਾਂ ਖ਼ਵਾਰਿਜਾਂ ਨੂੰ ਸੁਲਾਹ ਦਾ ਸਦੱਾ ਦਿਤੱਾ । ਇਸ'ਤੇ ਖ਼ਵਾਰਿਜ ਜਿੰਨ੍ਹਾ ਦੀ ਗਿਣਤੀ ਚਾਰ ਹਜ਼ਾਰ ਸੀ, ਇਹਨਾਂ ਵਿੱਚੋਂ ਇਕ ਸੌ ਹਜ਼ਰਤ ਅਲੀ ਦੇ ਨਾਲ ਸ਼ਾਮਲ ਹੋ ਗਏ ਅਤੇ ਇਕ ਵੱਡੀ ਗਿਣਤੀ ਕੂਫ਼ਾ ਪਰਤ ਗਈ । ਕੇਵਲ ਇਕ ਹਜ਼ਾਰ ਅੱਠ ਸੌ ਲੋਕ ਅਬਦੁਲੱਾਹ ਬਿਨ ਵਹਬ ਖਾਰਜੀ ਦੀ ਅਗਵਾਈ ਵਿੱਚ ਅੱਗੇ ਵਧੇ ਅਤੇ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਦੇ ਪੈਂਠ ਹਜ਼ਾਰ ਦੇ ਲਸ਼ਕਰ ਨਾਲ ਜੰਗ ਹੋਈ ਜਿਸ ਵਿੱਚ ਸਾਰੇ ਖ਼ਵਾਰਿਜ ਮਾਰੇ ਗਏ । ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਦੇ ਲਸ਼ਕਰ ਵਿੱਚੋਂ ਸੱਤ ਵਿਅਕਤੀ ਸ਼ਹੀਦ ਹੋਏ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਬਹਿਰਹਾਲ ਅਜੇ ਜ਼ਿਕਰ ਚੱਲ ਰਿਹਾ ਹੈ ਭਵਿੱਖ ਵਿੱਚ ਵੀ ਚੱਲੇਗਾ, ਇਨਸ਼ਾਅਲੱਾਹ । ਅੱਜ ਵੀ ਪਾਕਿਸਤਾਨ ਅਤੇ ਅਲ ਜਜ਼ਾਇਰ ਦੇ ਅਹਮਦੀਆਂ ਲਈ ਦੁਆ ਲਈ ਆਖਣਾ ਚਾਹੁੰਦਾ ਹਾਂ । ਅਲਜਜ਼ਾਇਰ ਦੀ ਤਾਂ ਇਕ ਖ਼ੁਸ਼ੀ ਦੀ ਖ਼ਬਰ ਹੈ ਕਿ ਬੀਤੇ ਦਿਨੀ ਦੋ ਤਿੰਨ ਦਿਨਾਂ ਵਿੱਚ ਦੋ ਵੱਖ ਵੱਖ ਅਦਾਲਤਾਂ ਨੇ ਝੂਠੇ ਆਰੋਪਾਂ ਵਿੱਚ ਗ੍ਰਿਸਤ ਬਹੁਤ ਸਾਰੇ ਅਹਮਦੀਆਂ ਨੂੰ ਬਰੀ ਕੀਤਾ ਹੈ । ਪਾਕਿਸਤਾਨ ਦੇ ਕਈ ਅਫ਼ਸਰ ਅਤੇ ਨਿਆਕਾਰ ਜੋ ਇੰਸਾਫ਼ ਤੋਂ ਪਰ੍ਹੇ ਹੱਟ ਰਹੇ ਹਨ ਅਤੇ ਆਪਣੇ ਅਖ਼ਤਿਆਰਾਂ ਦੀ ਨਾਜਾਇਜ਼ ਵਰਤੋਂ ਕਰ ਰਹੇ ਹਨ, ਰੱਬ ਉਹਨਾਂ ਨੂੰ ਵੀ ਸੰਜੋਗ ਪ੍ਰਦਾਨ ਕਰੇ ਕਿ ਉਹ ਆਪਣੇ ਮਨਾਂ ਦੇ ਕੀਨੇ ਤੇ ਸਾੜੇ ਨੂੰ ਕਢੱਕੇ ਮਾਮਲੇ ਨੂੰ ਦੇਖਣ ਵਾਲੇ ਹੋਣ । ਜਿੰਨ੍ਹਾਂ ਲੋਕਾਂ ਦਾ ਸੁਧਾਰ ਰੱਬ ਨੇੜੇ ਮੁਕਦੱਰ ਨਹੀਂ, ਰੱਬ ਉਹਨਾ ਦੀ ਪਕੜ ਦੇ ਛੇਤੀ ਤੋਂ ਛੇਤੀ ਸਾਧਨ ਕਰੇ ਅਤੇ ਅਹਮਦੀਆਂ ਲਈ ਪਾਕਿਸਤਾਨ ਵਿੱਚ ਵੀ ਅਮਨ ਤੇ ਸ਼ਾਂਤੀ ਦਾ ਸਾਧਨ ਪੈਦਾ ਕਰੇ । ਪਾਕਿਸਤਾਨੀ ਅਹਮਦੀ ਵਿਸ਼ੇਸ਼ ਰੂਪ ਵਿੱਚ ਨਫ਼ਲਾਂ ਤੇ ਦੁਆਵਾਂ ਉਪੱਰ ਜ਼ੋਰ ਦੇਣ । ਇਹਨਾ ਦੁਆਵਾਂ ਵਿੱਚ (رب کل شیء خادمك رب فاحفظنی وانصرنی وارحمنی) 'ਰੱਬਿ ਕੁਲੁੱ ਸ਼ੈਇਨ ਖ਼ਦਿਮੁਕਾ ਰੱਬਿ ਫ਼ਾਹਫ਼ਿਜ਼ਨੀ ਵਨ ਸੁਰਨੀ ਵਰਹਮਨੀ' ਵੀ ਪੜ੍ਹਨ (اللھم انا نجعلك فی نحورھم ونعوذ بك من شرورھم) 'ਅਲੱਾਹੁਮੱਾ ਇਨੱਾ ਨਜਆਲੁਕਾ ਫ਼ੀ ਨਹੂਰਿਹਿਮ ਵ ਨਊਜ਼ੁਬਿਕਾ ਮਿਨ ਸ਼ਰੂਰਿਹਿਮ' ਵੀ ਬਹੁਤ ਪੜ੍ਹਨ ਇਸਤਗ਼ਫ਼ਾਰ ਵੱਲ ਵੀ ਬਹੁਤ ਧਿਆਨ ਦੇਣ। ਅੱਜ ਕਲ ਇਸ ਦੀ ਬਹੁਤ ਲੋੜ ਹੈ, ਨਫ਼ਲ ਵੀ ਬਹੁਤ ਪੜ੍ਹਨ । ਰੱਬ ਇਹਨਾਂ ਨੂੰ ਸੰਜੋਗ ਪ੍ਰਦਾਨ ਕਰੇ ਅਤੇ ਛੇਤੀ ਉੱਥੇ ਹਾਲਾਤ ਠੀਕ ਹੋਣ ।

ਖ਼ੁਤਬੇ ਦੇ ਅਖ਼ੀਰ ਵਿੱਚ ਹਜ਼ਰੂ ਅਨਵਰ ਨੇ ਮੁਕਰੱਮਾ ਹਿੰਦਾ ਅਬੱਾਸ ਸਾਹਿਬਾ, ਮੁਕਰੱਮ ਰਿਜ਼ਵਾਨ ਸਯੱਦ ਅਮੀ ਸਾਹਬ, ਮੁਕਰੱਮ ਮਲਕ ਅਲੀ ਮੁਹਮੱਦ ਸਾਹਬ, ਮੁਕਰੱਮ ਇਹਸਾਨ ਅਹਮਦ ਸਾਹਬ ਅਤੇ ਮੁਕਰੱਮ ਰਿਯਾਜ਼ੁੱਦੀਨ ਸ਼ਮਸ ਸਾਹਬ ਦੇ ਸਦਗੁਣਾ ਨੂੰ ਵਰਨਣ ਕੀਤਾ ਅਤੇ ਉਹਨਾ ਲਈ ਬਖ਼ਸ਼ਿਸ਼ ਦੀ ਦੁਆ ਕੀਤੀ । ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਨਮਾਜ਼ਾਂ ਦੀ ਅਦਾਇਗੀ ਦੇ ਬਾਦ ਇਹਨਾ ਦੀ ਨਮਾਜ਼ ਜਨਾਜ਼ਾਹ ਗ਼ਾਇਬ ਪੜ੍ਹਾਵਾਂਗਾ ।

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ
وَمَنْ یُّضْلِلْہُ فَلَا ھَادِیَ لَہٗ وَنَشْھَدُ أَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ۔ عِبَادَ اللّٰہِ رحمکم اللّٰہ اِنَّ اللّٰہَ یَأْمُرُ بِالْعَدْلِ وَالْاِحْسَانِ وَاِیْتَآءِ
ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔

**Khulasa Khutba Jumma 25.12.2020**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131